ੴ ਸਤਿਗੁਰ ਪ੍ਰਸਾਦਿ ॥

ਗੁਰੂ ਪਿਆਰੀ ਸਾਧ ਸੰਗਤ ਜੀਉ,

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਹਰ ਸਾਲ ਵਾਂਗ ਇਸ ਸਾਲ ਵੀ ਗੁਰਦਵਾਰਾ ਸਾਹਿਬ ਸਿੱਖ ਟੈਂਪਲ ਸੈਕਰਾਮੈਂਟੋ ਵਿਖੇ ਸਾਲਾਨਾ ਸਥਾਪਨਾ ਦਿਵਸ 25,26 ਅਤੇ 27 ਜੁਲਾਈ, 2008 (ਸ਼ੁੱਕਰਵਾਰ, ਸ਼ਨੀਚਰਵਾਰ ਅਤੇ ਐਤਵਾਰ) ਨੂੰ ਬੜੀ ਧੂੰਮ ਧਾਮ ਨਾਲ ਮੰਨਾਇਆ ਜਾ ਰਿਹਾ ਹੈ। ਸ਼ਨਿੱਚਰਵਾਰ ਸ਼ਾਮ ਨੂੰ 7 ਵਜੇ ਤੋਂ 9 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ। ਸ਼ੁੱਕਰਵਾਰ ਤੇ ਸ਼ਨਿਚਰਵਾਰ ਸ਼ਾਮ ਨੂੰ 6:30 ਵਜੇ ਤੋਂ 7:00 ਵਜੇ ਤਕ ਨਾਮ ਸਿਮਰਨ ਹੋਇਆ ਕਰੇਗਾ। ਸ੍ਰੀ ਅਖੰਡ ਪਾਠ ਤੇ ਲੰਗਰ ਦੀ ਸੇਵਾ ਦੁਆਬਾ ਨੌਜਵਾਨ ਸਭਾ ਦੇ ਸਮੂਹ ਮੈਂਬਰਾਂ ਤੇ ਪ੍ਰਵਾਰਾਂ ਵਲੋਂ ਹੈ। ਪੰਥ ਦੇ ਪ੍ਰਸਿੱਧ ਕੀਰਤਨੀ ਜਥੇ, ਕਵੀਸ਼ਰ ਤੇ ਕਥਾਕਾਰ ਇਸ ਵਿਚ ਭਾਗ ਲੈ ਰਹੇ ਹਨ। ਸਮੂਹ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਪਿਛਲੇ ਸਾਲ ਦੀਆਂ ਬਖਸ਼ਸ਼ਾਂ ਦਾ ਧੰਨਵਾਦ ਕਰਨ ਲਈ ਅਤੇ ਆਉਣ ਵਾਲੇ ਸਾਲ ਵਿੱਚ ਸਤਿਗੁਰਾਂ ਦੀਆਂ ਬਖਸ਼ਸ਼ਾਂ ਪ੍ਰਾਪਤ ਕਰਨ ਤੇ ਸਾਰੀ ਸੰਗਤ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਨ ਹਿਤ ਪੂਰੇ ਉਤਸ਼ਾਹ ਨਾਲ ਸ਼ਾਮਲ ਹੋ ਕੇ ਧੰਨਵਾਦੀ ਬਣਾਉ ਜੀ।

**"ਜਿਨੁ ਪਟੁ ਅੰਦਰਿ ਬਾਹਰ ਗੁਦੜੁ ਤੇ ਭਲੇ ਸੰਸਾਰਿ॥**
**ਤਿਨੁ ਨੇਹੁ ਲਗਾ ਰਬ ਸੇਤੀ ਦੇਖਨੇ ਵਿਚਾਰਿ॥"**

{ਪੰਨਾ 473}

ਜਿਨ੍ਹਾਂ ਜੀਵਾਂ ਦੇ ਮਨ ਅੰਦਰੋ ਗੁਣਾ ਨਾਲ ਭਰੇ ਹੁੰਦੇ ਹਨ ਅਤੇ ਬਾਹਰੋਂ ਉਹ ਰੇਸ਼ਮ ਦੀ ਥਾਂ ਸਿਧੇ ਸਾਧੇ ਕਪੜੇ ਪਾ ਕੇ ਖੁਸ਼ ਰਹਿੰਦੇ ਹਨ, ਉਹ ਰਬ ਦੇ ਨੇੜੇ ਹੁੰਦੇ ਹਨ ਤੇ ਰਬ ਨੂੰ ਚੰਗੇ ਲਗਦੇ ਹਨ। ਇਸ ਨਾਲ ਉਨ੍ਹਾਂ ਦੀ ਹਉਮੈ ਦੂਰ ਰਹਿੰਦੀ ਹੈ ਤੇ ਉਨ੍ਹਾਂ ਦੇ ਪ੍ਰਭੂ ਪਿਆਰ ਵਿਚ ਕੋਈ ਵਿਘਨ ਨਹੀਂ ਪੈਂਦਾ।

ਪ੍ਰਧਾਨ

ਬਲਬੀਰ ਸਿੰਘ ਢਿੱਲੋਂ

## ਜਰੂਰੀ ਸੂਚਨਾਵਾਂ

## ਪੰਜਾਬੀ ਸੰਡੇ ਸਕੂਲ :-

1. ਗਰਮੀਆਂ ਦੀਆਂ ਛੁੱਟੀਆਂ ਲਈ ਬੱਚਿਆਂ ਦਾ ਪੰਜਾਬੀ ਸੰਡੇ ਸਕੂਲ ਬੰਦ ਹੋ ਗਿਆ ਹੈ। ਅਗਲਾ ਸੈਸ਼ਨ 7 ਸਤੰਬਰ 2008 ਨੂੰ ਸ਼ੁਰੂ ਹੋਵੇਗਾ। ਇਸ ਦੀ ਰਜਿਸਟਰੇਸ਼ਨ ਅਗਸਤ 17 - ਸਤੰਬਰ 7 ਨੂੰ ਹੋਵੇਗੀ।
2. ਪੰਜਾਬੀ ਸੰਡੇ ਸਕੂਲ ਦਾ ਸਾਲਾਨਾ ਕਲਚਰਲ ਪ੍ਰੋਗਰਾਮ ਡਾਊਨ ਸੈਕਰਾਮੈਂਟੋ ਦੇ ਕ੍ਰੈਸਟ ਥੀਏਟਰ ਵਿਚ ਜੂਨ 1 ਨੂੰ ਠੀਕ ਨੀਯਤ ਸਮੇ 4 ਵਜੇ ਸ਼ਾਮ ਨੂੰ ਸ਼ੁਰੂ ਹੋ ਕੇ 7:30 ਵਜੇ ਸ਼ਾਮ ਨੂੰ ਸਮਾਪਤ ਹੋਇਆ। ਕਲਚਰਲ ਪ੍ਰੋਗਰਾਮ ਦਿਲਚਸਪ ਅਤੇ ਸਫਲ ਸੀ। ਬੱਚਿਆਂ ਨੂੰ ਸਿਖਾਉਣ ਵਿਚ ਸਿਖਾਉਣ ਵਾਲੇ ਸਬੰਧਤ ਟੀਚਰਾਂ ਨੇ ਖਾਸ ਦਿਲਚਸਪੀ ਲੈ ਕੇ ਮਿਹਨਤ ਕਰਾਈ ਹੋਈ ਸੀ ਅਤੇ ਖੇਡਣ ਦਾ ਮਿਆਰ ਵੀ ਬਹੁਤ ਉੱਚਾ ਸੀ।
3. **ਮਹੀਨਾ ਜੁਲਾਈ ਅਤੇ ਅਗਸਤ ਵਿਚਲੇ ਜਰੂਰੀ ਦਿਨ:**
   ਸੰਗਰਾਂਦ: 16 ਜੁਲਾਈ (ਸਾਵਣ ਮਹੀਨਾ) ਤੇ 14 ਅਗਸਤ (ਭਾਦੋਂ ਮਹੀਨਾ)
   ਪੂਰਨਮਾਸ਼ੀ: 18 ਜੁਲਾਈ ਤੇ 14 ਅਗਸਤ; ਮੱਸਿਆ: 13 ਜੁਲਾਈ ਤੇ 30 ਅਗਸਤ
   ਗੁਰਪੁਰਬ: ਅਵਤਾਰ ਦਿਵਸ ਗੁਰੂ ਹਰਕਿਸ਼ਨ ਸਾਹਿਬ 23 ਜੁਲਾਈ
4. ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਸਵੇਰੇ 8:30AM - 10:30AM ਵਜੈ ਤੱਕ ਹੁੰਦੀ ਹੈ।
5. ਗੁਰਦਵਾਰਾ ਸਾਹਿਬ ਦੇ ਦਰਬਾਰ ਹਾਲ ਅੰਦਰ ਦਾਖਲ ਹੋਣ ਤੋਂ ਪਹਿਲਾਂ ਆਪਣੇ ਟੈਲੀਫੋਨ ਜਰੂਰ ਬੰਦ ਕਰ ਲਵੋ ਜੀ।
6. California State University Sacramento Alumni should kindly provide their contact information to Dr. Onkar S. Bindra who is starting an association of Indian Alumni from the area. Dr. Bindra's email: osbindra@yahoo.com
7. ਗੁਰਦਵਾਰਾ ਸਾਹਿਬ ਦੇ ਇੰਟਰਨੈਂਟ ਦਾ ਐਡਰੈਸ : **www.sikhtemple.org** ਹੈ।

July – August 2008

Guru Pyari Sadh Sangat Ji,

All are cordially invited on the celebration of the Anniversary of Sikh Temple Sacramento's Foundation Day, being celebrated on 25, 26 & 27 July 2008. A special Kirtan Darbar will be held on Saturday 26th, of July at 7:00PM – 9:00PM and Nam Simran will be regularly held on Friday and Saturday from 6:30PM to 7:00PM. Famous kirtan jathas, kavishars & kathawachaks are participating.

Akhandpath and Langar sewa will be performed by Doaba Nowjawan Sabha.

All are requested to join in praying for Chardi Kala of Gurdwara Sahib and Sangat and obtain Guru's blessing.

"They who wear silk (good qualities) in the mind and a simple-wear outside; they are quite well off in the world. God's love is aroused in them and they are God like there by."

Their ego vanishes and their humility becomes the source of God's virtues and as a result they became divinely.

(Page 473)

Balbir S. Dhillon
President

## News & Views

1. The Sunday School is closed for summer vacation and the next session will start on September 7, 2008. The 2008-2009 Registration will begin on August 17, 2008...
2. The Punjabi Sunday School Annual Cultural program was held on 1st of June 2008 in downtown Crest Theater at 4:00PM – 7:30PM. The program was started and finished at the right appointed time and the performance of the students was excellent as the teachers took special interest in their training and selection.
3. Important days in the month of July and August are:
   Sangrand: 16 July (Sawan), 14 August (Bhadon); Purnmashi: 18 July and 14 August; Maseia: 13 July and 30 August; Gurpurb: Birthday Guru Harkishan Sahib 23 July.
4. The Management Committee meets the last Sunday of every month at 8:30AM.
5. California State University Sacramento Alumni should kindly provide their contact information to Dr. Onkar S. Bindra who is starting an association of Indian Alumni from the area. Dr. Bindra's email: osbindra@yahoo.com
6. The internet address of the Sikh Temple is: www.sikhtemple.org